# ਔਰਤ ਬਨਾਮ ਔਰਤ

(ਨਾਟਕ ਸ਼ੁਰੂ ਹੋਣ 'ਤੇ ਇਕ ਬਜ਼ਾਰ ਵਰਗੀ ਗਲੀ ਦਾ ਦ੍ਰਿਸ਼ ਹੈ। ਦੋ ਔਰਤਾਂ ਸਬਜ਼ੀ ਵੇਚ ਰਹੀਆਂ ਹਨ। ਪਿਛੋਂ ਇਕ ਖਿੜਕੀ ਵਿਚ ਇਕ ਔਰਤ ਦਿਸ ਰਹੀ ਹੈ, ਜੋ ਆਪਣੇ ਘਰ ਦੇ ਕੰਮਾਂ ਵਿਚ ਰੁੱਝੀ ਹੋਈ ਹੈ। ਇਕ ਪੁਲਿਸ ਮੈਨ ਰੋਅਬ ਨਾਲ ਏਧਰ ਉਧਰ ਗਸ਼ਤ ਕਰ ਰਿਹਾ ਹੈ। ਤਿੰਨ ਗੁੰਡੇ ਨੁਮਾ ਵਿਅਕਤੀ ਇਕ ਪਾਸੇ ਤੋਂ ਦਾਖ਼ਲ ਹੁੰਦੇ ਹਨ। ਇਕ ਕੁੜੀ ਦੂਸਰੇ ਪਾਸੇ ਤੋਂ ਸਟੇਜ 'ਤੇ ਆਉਂਦੀ ਹੈ। ਗੁੰਡੇ ਉਸ ਵੱਲ ਵੇਖਦੇ ਹਨ ਤੇ ਫਿਰ ਇਕ ਉੱਚੇ ਥੜੇ 'ਤੇ ਇਕ ਵਿਸ਼ੇਸ਼ ਮੁਦਰਾ ਵਿਚ ਖਲੋ ਜਾਂਦੇ ਹਨ। ਪੁਲਿਸ ਮੈਨ ਉਹਨਾਂ ਵੱਲ ਵੇਖਦਾ ਹੈ ਪਰ ਗੁੰਡੇ ਉਸਨੂੰ ਘੂਰਦੇ ਹਨ। ਉਹ ਦੂਸਰੇ ਪਾਸੇ ਮੂੰਹ ਕਰ ਲੈਂਦਾ ਹੈ। ਸਥਾਪਤ ਇਹ ਕਰਨਾ ਹੈ ਕਿ ਕਾਨੂੰਨ ਦੇ ਰਖਵਾਲੇ ਵੇਖਦਿਆਂ ਹੋਇਆਂ ਵੀ ਕੁਝ ਨਹੀਂ ਵੇਖਦੇ। ਕੁੜੀ ਸਬਜ਼ੀ ਲੈਣ ਲਈ ਬੈਠਦੀ ਹੈ, ਇਸ ਦੌਰਾਨ ਗੁੰਡੇ ਹੌਲ਼ੀ ਹੌਲ਼ੀ ਚਲਦੇ ਉਸਨੂੰ ਘੇਰ ਲੈਂਦੇ ਹਨ। ਕੁੜੀ ਡਰਦੇ ਮਾਰੇ ਇਕ ਪਾਸੇ ਜਾਂਦੀ ਹੈ। ਗੁੰਡਾ ਉਸਦੀ ਚੁੰਨੀ ਖਿੱਚਦਾ ਹੈ। ਉਹ ਚੁੰਨੀ ਛੁਡਾਉਂਦੀ ਹੈ, ਅੱਗੇ ਦੌੜਦੀ ਹੈ। ਗੁੰਡੇ ਉਹਦੇ ਪਿੱਛੇ ਹਨ। ਇਕ ਵਿੰਗ ਤੋਂ ਪਹਿਲਾਂ ਕੁੜੀ ਬਾਹਰ ਨਿਕਲਦੀ ਹੈ ਤੇ ਪਿੱਛੇ ਪਿੱਛੇ ਗੁੰਡੇ। ਸਬਜ਼ੀ ਵੇਚਣ ਵਾਲੀਆਂ ਇਕ ਦੂਜੇ ਦੇ ਨੇੜੇ ਆ ਜਾਂਦੀਆਂ ਹਨ। ਪੁਲਿਸ ਵਾਲਾ ਵਿੰਗ ਵਲ ਵੇਖਦਾ ਹੈ ਪਰ ਬਜਾਏ ਉਹ ਵਿੰਗ ਵਾਲੇ ਪਾਸੇ ਜਾਏ ਉਹ ਦੂਜੇ ਪਾਸੇ ਸੀਟੀਆਂ ਵਜਾਉਂਦਾ ਚਲਾ ਜਾਂਦਾ ਹੈ। ਕਾਨੂੰਨ ਦੀ ਅਣਗਹਿਲੀ ਸਥਾਪਤ ਕਰਨੀ ਹੈ। ਹਲਕੀ ਜਿਹੀ ਕਾਮੇਡੀ ਵੀ ਉਭਾਰਨੀ ਹੈ। ਦਰਸ਼ਨ ਵਿਅੰਗਮਈ ਹਾਸਾ ਹੱਸ ਰਹੇ ਹਨ। ਫਿਰ ਇਕ ਦਰਦਨਾਕ ਚੀਕ ਦੀ ਆਵਾਜ਼ ਆਉਂਦੀ ਹੈ। ਸਬਜ਼ੀ ਵੇਚਣ ਵਾਲੀਆਂ ਔਰਤਾਂ ਤੇ ਖਿੜਕੀ ਵਿਚ ਖਲੋਤੀ ਔਰਤ ਦਾ ਡਰ ਵਾਲਾ ਪ੍ਰਤੀਕਰਮ ਸਥਾਪਤ ਕਰਨਾ ਹੈ। ਔਰਤਾਂ ਪਹਿਲਾਂ ਇਕ ਨੁੱਕਰ ਵਿਚ ਇਕੱਠੀਆਂ ਹੁੰਦੀਆਂ ਹਨ ਤੇ ਫਿਰ ਹੌਲੀ ਹੌਲੀ ਬਾਹਰ ਜਾਂਦੀਆਂ ਹਨ। ਗੁੰਡੇ ਦੂਜੇ ਪਾਸੇ ਤੋਂ ਆਉਂਦੇ

ਹਨ। ਖਿੜਕੀ ਵਿਚ ਖੜ੍ਹੀ ਔਰਤ ਖਿੜਕੀ ਬੰਦ ਕਰ ਲੈਂਦੀ ਹੈ। ਗੁੰਡੇ ਸਟੇਜ ਦੇ ਸੈਂਟਰ ਵਿਚ ਆ ਜਾਂਦੇ ਹਨ। ਇਹ ਵਾਰਤਾਲਾਪ ਬੋਲਦੇ ਹਨ...)

ਗੁੰਡਾ 1 : ਸਾਡੇ ਕੋਲੋਂ ਬਚਕੇ ਕਿਥੇ ਜਾ ਸਕਦੀ ਸੀ ?

ਗੁੰਡਾ 2 : ਕਈ ਦਿਨਾਂ ਬਾਅਦ ਸ਼ਿਕਾਰ ਕਾਬੂ ਆਇਆ।

ਗੁੰਡਾ 1 : ਬੜਾ ਚਾਹਿਆ ਕਿ ਆਪੇ ਮੰਨ ਜਾਵੇ ਪਰ ਨਹੀਂ ਮੰਨੀ।

ਗੁੰਡਾ 3 : ਬੌਸ, ਹੁਣ ਕੀ ਹੋਵੇਗਾ ?

ਗੁੰਡਾ 1 : ਓ ਹੋਣਾ ਕੀ ਏ ?

ਗੁੰਡਾ 2 : ਹਾਂ ਹੋਣਾ ਕੀ ਏ ?

ਗੁੰਡਾ 3 : ਉਹ ਪੁਲਿਸ ਚੌਕੀ ਤਾਂ ਨਹੀਂ ਜਾਏਗੀ ?

ਗੁੰਡਾ 1 : ਨਹੀਂ, ਉਹ ਘਰ ਜਾਏਗੀ।

ਗੁੰਡਾ 2 : ਘਰ ਵਾਲੇ ਉਸਨੂੰ ਕਹਿਣਗੇ 'ਦੜ੍ਹ ਵੱਟ'

ਗੁੰਡਾ 1 : ਗੱਲ ਬਾਹਰ ਨਹੀਂ ਜਾਣੀ ਚਾਹੀਦੀ।

ਗੁੰਡਾ 2 : ਐਵੇਂ ਬਦਨਾਮੀ ਹੋਵੇਗੀ।

ਗੁੰਡਾ 1 : ਕੋਈ ਉਹਦੇ ਨਾਲ ਵਿਆਹ ਨਹੀਂ ਕਰਵਾਏਗਾ।

ਗੁੰਡਾ 2 : ਇਹ ਸਭ ਚਲਦਾ ਹੈ।

*(ਸ਼ੈਤਾਨਾਂ ਵਾਲਾ ਹਾਸਾ ਹੱਸਦੇ ਇਕ ਪਾਸੇ ਤੋਂ ਬਾਹਰ ਜਾਂਦੇ ਹਨ। ਦੂਜੇ ਪਾਸੇ ਤੋਂ ਸੂਤਰਧਾਰ 1 ਮੰਚ 'ਤੇ ਆਉਂਦੀ ਹੈ।)*

ਸੂਤਰਧਾਰ 1 : ਹਾਂ, ਇਹ ਸਭ ਚਲਦਾ ਹੈ। ਇੱਜ਼ਤ ਬਚਾਉਣ ਖਾਤਿਰ ਔਰਤ ਚੁੱਪ ਧਾਰਦੀ ਹੈ। ਬੋਲਦੀ ਨਹੀਂ, ਇਸੇ ਲਈ ਉਸਦੇ ਵਿਰੁੱਧ ਅਪਰਾਧ ਵੱਧ ਰਹੇ ਹਨ।(ਘਰਾਂ ਵਿਚ ਵੱਧ ਰਹੇ ਹਨ, ਬਜ਼ਾਰ ਵਿਚ ਵੱਧ ਰਹੇ ਹਨ। ਜ਼ਬਰ ਜਿਨਾਹ, ਰੇਪ, molestation ਹੁਣ ਆਮ ਜਿਹੀ ਗੱਲ ਬਣ ਗਈ ਹੈ। ਅੰਕੜੇ ਕਹਿੰਦੇ ਹਨ ਪ੍ਰਤੀਦਿਨ 45 ਬਲਾਤਕਾਰ, 90 molestation, 70 ਘਰੇਲੂ ਤਸ਼ੱਦਦ ਤੇ 90 ਖੁਦਕੁਸ਼ੀ ਦੇ ਕੇਸ ਰੀਕਾਰਡ 'ਤੇ ਆਏ ਹਨ। ਅਸੀਂ ਜਦੋਂ ਤੁਹਾਡੇ ਸਾਹਮਣੇ ਇਹ ਨਾਟਕ ਪੇਸ਼ ਕਰ ਰਹੇ ਹਾਂ ਤਾਂ ਤੁਹਾਡੇ ਨਾਲ ਆਪਣਾ ਫ਼ਿਕਰ ਸਾਂਝਾ ਕਰ ਰਹੇ ਹਾਂ। ਨਾਟਕ ਦਾ ਨਾਂ ਹੈ–

ਔਰਤ–ਬਨਾਮ ਔਰਤ–ਬਨਾਮ–ਔਰਤ
ਜ਼ੁਲਮ–ਦਰ–ਜ਼ੁਲਮ–ਦਰ–ਜ਼ੁਲਮ
ਅਸਭਿਅਤਾ–ਅਸਭਿਅਤਾ–ਅਸਭਿਅਤਾ
ਦਰਿੰਦਗੀ–ਦਰਿੰਦਗੀ–ਦਰਿੰਦਗੀ

*(ਸੂਤਰਧਾਰ ਜਿਸ ਪਾਸੇ ਤੋਂ ਆਈ ਸੀ ਉਸੇ ਪਾਸੇ ਵਾਪਸ ਜਾਂਦੀ ਹੈ। ਦੂਜੇ ਵਿੰਗ ਤੋਂ ਸੂਤਰਧਾਰ-2 ਆਉਂਦੀ ਹੈ।)*

ਸੂਤਰਧਾਰ 2 : ਅਸੀਂ ਆਪਣਾ ਫਿਕਰ ਤੁਹਾਡੇ ਨਾਲ ਸਾਂਝਾ ਕਰ ਦਿੱਤਾ ਹੈ। ਸਾਡੀ ਅੱਧੀ ਆਬਾਦੀ ਔਰਤਾਂ ਦੀ ਹੈ। ਕੋਈ ਸਮਾਜ ਤਰੱਕੀ ਕਰਨ ਦਾ ਸੁਪਨਾ ਹੀ ਨਹੀਂ ਲੈ ਸਕਦਾ ਜੇ ਇਸ ਅੱਧੀ ਆਬਾਦੀ ਦਾ ਮਾਣ ਸਨਮਾਨ ਸਮਾਜ 'ਚ ਕਾਇਮ ਨਹੀਂ ਹੁੰਦਾ। ਕਹਿਣ ਨੂੰ ਤਾਂ ਸਾਡੀਆਂ ਔਰਤਾਂ ਹੁਣ ਵੱਡੀ ਤੋਂ ਵੱਡੀ ਪੱਦਵੀ 'ਤੇ ਪਹੁੰਚ ਗਈਆਂ ਹਨ। ਪਰ ਸਮੁੱਚੇ ਤੌਰ 'ਤੇ ਸਾਡੇ ਸਮਾਜ ਦੀ ਮਾਨਸਿਕਤਾ ਔਰਤਾਂ ਵਿਰੁੱਧ ਹੈ। ਇਹਦੀਆਂ ਚਾਰ ਮਿਸਾਲਾਂ ਹਨ :

1 : ਮਾਂ, ਧੀ, ਭੈਣ ਦੀ ਗਾਲ੍ਹ, ਹਾਲੇ ਵੀ ਸਾਡੇ ਸਮਾਜ ਵਿਚ ਕਾਇਮ ਹੈ।

2 : ਪੁੱਤਰਾਂ ਦੇ ਮੁਕਾਬਲੇ ਧੀਆਂ ਨਾਲ ਵਿਤਕਰਾ ਸ਼ਰ੍ਹੇਆਮ ਹੈ।

3 : ਧੀਆਂ ਨੂੰ ਕੁੱਖ ਵਿਚ ਖਤਮ ਕਰਨਾ (ਭਰੂਣ ਹੱਤਿਆ) ਬਿਨਾਂ ਰੁਕਾਵਟ ਕਾਇਮ ਹੈ।

4 : ਸਾਡੇ ਰਸਮੋਂ ਰਿਵਾਜ਼, ਭਾਵ ਦਾਜ ਦੀ ਰਸਮ, ਕਰਵਾ ਚੌਥ ਦੀ ਰਸਮ, ਬਾਂਝਪਨ ਦਾ ਮਿਹਣਾ, ਸਾਰੇ ਦੁੱਖ ਔਰਤਾਂ ਲਈ ਰਾਖਵੇਂ ਰੱਖੇ ਗਏ ਹਨ। ਇਹ ਨਾਟਕ ਐਲਾਨੀਆਂ ਤੌਰ 'ਤੇ ਔਰਤ ਪੱਖੀ ਹੈ। ਕਿਉਂਕਿ ਕੁਝ ਟਾਂਵੀਆਂ ਟਾਂਵੀਆਂ ਮਿਸਾਲਾਂ ਛੱਡਕੇ ਔਰਤ ਹੀ ਜ਼ੁਲਮ ਦਾ ਸ਼ਿਕਾਰ ਹੈ। ਘਰ, ਬਜ਼ਾਰ, ਕੋਰਟ, ਕਚਿਹਰੀਆਂ 'ਚ ਔਰਤ ਹੀ ਫਰਿਆਦ ਕਰ ਰਹੀ ਹੈ, ਔਰਤ ਹੀ ਰੋਸ ਕਰ ਰਹੀ ਹੈ ਤੇ ਹੁਣ ਔਰਤ ਹੀ ਬਗ਼ਾਵਤ ਕਰ ਰਹੀ ਹੈ।

## ਅਗਲਾ ਸੀਨ

(ਢੋਲ ਵੱਜਦਾ ਹੈ। ਇਕ ਪਾਸੇ ਤੋਂ ਲਹਿੰਦੇ ਪੰਜਾਬ ਦੇ ਨਚਾਰ ਜਿਹਨਾਂ ਨੇ ਸਲਵਾਰ ਕਮੀਜ਼ ਤੇ ਕੁਲੇ ਵਾਲੀ ਪੱਗ ਬੰਨ੍ਹੀ ਹੋਈ ਹੈ। ਦੂਜੇ ਪਾਸੇ ਚੜ੍ਹਦੇ ਪੰਜਾਬ ਦੇ ਨਚਾਰ ਨੱਚਦੇ ਆਉਂਦੇ ਹਨ। ਖੂਬ ਨੱਚਦੇ ਹਨ ਤੇ ਨੱਚਣ ਦੀ ਮੁਦਰਾ ਵਿਚ ਫਰੀਜ਼ ਹੁੰਦੇ ਹਨ। ਦੋਵੇਂ ਸੂਤਰਧਾਰ ਬਾਹਰ ਆਉਂਦੀਆਂ ਹਨ।)

ਸੂਤਰਧਾਰ 1 : ਅੱਜ ਕੱਲ੍ਹ ਭਾਰਤ ਤੇ ਪਾਕਿਸਤਾਨ ਦਰਮਿਆਨ ਸਬੰਧਾਂ ਦੇ ਸੁਧਾਰ ਦਾ ਮੌਸਮ ਹੈ।

ਸੂਤਰਧਾਰ 2 : ਸਮਾਜਿਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਿਕ ਆਦਾਨ-ਪ੍ਰਦਾਨ ਜ਼ੋਰਾਂ 'ਤੇ ਹੈ।

ਸੂਤਰਧਾਰ 1 : ਵੱਖ-ਵੱਖ ਵੰਨਗੀਆਂ ਦੇ ਵਫ਼ਦਾਂ ਵੱਲੋਂ ਇਕ ਦੂਜੇ ਮੁਲਕ ਦੇ ਦੌਰੇ ਕੀਤੇ ਜਾ ਰਹੇ ਹਨ।

ਸੂਤਰਧਾਰ 2 : ਰੇਲ ਦੇ ਬਾਅਦ ਬੱਸਾਂ ਦਾ ਆਉਣਾ-ਜਾਣਾ ਬਹਾਲ ਕੀਤਾ ਜਾ ਰਿਹਾ ਹੈ।

ਸੂਤਰਧਾਰ 1 : ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕ ਆਪਸ ਵਿਚ ਗਲਵਕੜੀਆਂ ਪਾ ਰਹੇ ਹਨ।

ਸੂਤਰਧਾਰ 2 : ਤੇ ਇਸ ਖੁਸ਼ੀ ਦੀ ਆਵਾਜ਼ ਵਿਚ ਅਸੀਂ ਆਪਣੀ ਇਕ ਆਵਾਜ਼ ਸ਼ਾਮਿਲ ਕਰ ਰਹੇ ਹਾਂ।

ਇਕੱਠੇ : ਜਿਹੜੇ ਸਾਡੇ ਨਾਟਕ ਦੀ ਆਵਾਜ਼ ਹੈ
ਸਾਡੇ ਫ਼ਿਕਰ ਦੀ ਆਵਾਜ਼ ਹੈ
ਨਾਟਕ ਦਾ ਵਿਸ਼ਾ

*(ਸੂਤਰਧਾਰ 1, 2 ਵਾਪਸ.. ਵਿੰਗ ਵਿਚ ਚਲੀਆਂ ਜਾਂਦੀਆਂ ਹਨ। ਭੰਗੜਾ ਫਿਰ ਸ਼ੁਰੂ ਹੋ ਜਾਂਦਾ ਹੈ। ਨਾਚ ਹੋ ਰਿਹਾ ਹੈ, ਇਕ ਬਜ਼ੁਰਗ ਔਰਤ ਸੋਟੀ ਦੀ ਠਾਪ ਨਾਲ ਦਾਖ਼ਲ ਹੁੰਦੀ ਹੈ ਤੇ ਉੱਚੀ ਆਵਾਜ਼ ਵਿਚ ਕਹਿੰਦੀ ਹੈ...)*

ਔਰਤ : ਬੰਦ ਕਰੋ, ਇਹ ਨੱਚਣਾ, ਇਹ ਗਾਣਾ, ਬੰਦ ਕਰੋ।

*(ਨੱਚਣਾ ਬੰਦ ਹੋ ਜਾਂਦਾ ਹੈ। ਨੱਚਣ ਵਾਲੇ ਉਸ ਔਰਤ ਵੱਲ ਵੇਖਦੇ ਹਨ।)*

ਔਰਤ : ਅਸੀਂ ਪੰਜਾਬ ਦੇ ਲੋਕ ਹਾਂ, ਠੀਕ ਸੋਚਦੇ ਹੋ
ਸਾਡੀ ਬੋਲੀ ਸਾਂਝੀ ਹੈ-ਸਾਡੀ ਰਹਿਤਲ ਸਾਂਝੀ ਹੈ।
ਸਾਡਾ ਵਿਰਸਾ ਸਾਂਝਾ ਹੈ-ਸਾਡਾ ਸਭਿਆਚਾਰ ਸਾਂਝਾ ਹੈ।
ਸਾਡੇ ਭੰਗੜੇ ਸਾਂਝੇ ਨੇ-ਸਾਡੇ ਝੂਮਰ ਸਾਂਝੇ ਨੇ।
ਸਾਡੀ ਹੀਰ ਸਾਂਝੀ ਏ-ਸਾਡੇ ਰਾਂਝੇ ਸਾਂਝੇ ਨੇ।
ਸਾਡਾ ਫਰੀਦ ਸਾਂਝਾ ਏ-ਸਾਡਾ ਨਾਨਕ ਸਾਂਝਾ ਏ।
ਸਾਡਾ ਹਾਸ਼ਮ ਸਾਂਝਾ ਏ-ਸਾਡਾ ਬੁੱਲ੍ਹਾ ਸਾਂਝਾ ਏ।

ਆਲਮ ਲੁਹਾਰ ਦਾ ਮਿੱਟੀ ਦਾ ਬਾਵਾ ਏਧਰ ਵੀ ਬੋਲਦਾ ਹੈ ਤੇ (ਦੂਜੇ ਪਾਸੇ ਇਸ਼ਾਰਾ ਕਰਕੇ) ਓਧਰ ਵੀ ਬੋਲਦਾ ਹੈ।

ਯਮਲੇ ਦੀ ਤੂੰਬੀ ਏਧਰ ਦਿਲਾਂ 'ਚ ਧੂਹ ਪਾਉਂਦਾ ਹੈ ਤੇ ਓਧਰ ਵੀ ਪਾਉਂਦੀ ਹੈ।

ਨੂਰਜਹਾਂ ਏਧਰ ਮਲਕਾਏ ਤਰੱਨਮ ਏ ਤਾਂ ਓਧਰ ਵੀ ਆਵਾਜ਼ ਦੀ ਮਲਕਾ ਏ।

ਸੁਰਿੰਦਰ ਕੌਰ ਏਧਰ ਲੋਕ ਗੀਤਾਂ ਦੀ ਰਾਣੀ ਹੈ ਤੇ ਓਧਰ ਵੀ ਇਸਦੀ

ਲੱਠੇ ਦੀ ਚਾਦਰ ਹਵਾ ਵਿਚ ਲਹਿਰਾਉਂਦੀ ਹੈ।
ਰੇਸ਼ਮਾਂ ਦੀ ਹੂਕ ਇਕ ਪਾਸੇ ਤੋਂ ਉਠਕੇ ਦੂਜੇ ਪਾਸੇ ਤੱਕ ਕੋਇਲ ਵਾਂਗ ਕੂਕਦੀ ਹੈ। ਪਰ... .. .
ਪਰ ਇਕ ਹੋਰ ਵੀ ਸਾਂਝ ਏ- ਐਸੀ ਸਾਂਝ ਜੋ ਇਸ ਪਾਸੇ ਦੇ ਮਰਦਾਂ ਦਾ ਸਿਰ ਨੀਵਾਂ ਕਰਦੀ ਏ ਤਾਂ ਉਸ ਪਾਸੇ ਦੇ ਮਰਦਾਂ ਦਾ ਵੀ ਸਿਰ ਨੀਵਾਂ ਕਰਦੀ ਹੈ। ਇਹ ਸਾਂਝ- ਸਾਡੀ ਔਰਤ ਪ੍ਰਤੀ ਨੀਵੀਂ ਸੋਚ ਹੈ। ਜਗੀਰੂ ਸੋਚ ਹੈ। ਔਰਤ ਨੂੰ ਰੁਤਬੇ ਵਿਚ ਦੂਜੇ ਦਰਜੇ ਦਾ ਵਿਅਕਤੀ ਤਸਲੀਮ ਕਰਨਾ ਹੈ-
-17 ਮਾਰਚ 1947, ਹਿੰਦੂ ਸਿੱਖ ਔਰਤਾਂ ਤਾਂ ਨੰਗਾ ਜਲੂਸ ਰਾਜਾ ਬਜ਼ਾਰ, ਰਾਵਲਪਿੰਡੀ ਨਿਕਲਿਆ।
-28 ਅਗਸਤ 1947, ਮੁਸਲਮਾਨ ਔਰਤਾਂ ਦਾ ਨੰਗਾ ਜਲੂਸ ਹਾਲ ਬਜ਼ਾਰ ਨਿਕਲਿਆ।
ਤੁਸੀਂ ਦੇਖਿਆ... ... .. ਤੁਸੀਂ ਦੇਖਿਆ
ਔਰਤਾਂ ਦੀ ਪੱਤ ਲੁੱਟੀ ਗਈ, ਔਰਤਾਂ ਉਧਾਲੀਆਂ ਗਈਆਂ
ਤੁਸੀਂ ਉਧਾਲੀਆਂ... .. . ਤੁਸੀਂ ਉਧਾਲੀਆਂ
ਉਸ ਵੇਲੇ ਕਿਥੇ ਗਈ ਸੀ ਪੰਜਾਬ ਦੀ ਪੰਜਾਬੀਅਤ
ਇਨਾਨ ਦੀ ਇਨਸਾਨੀਅਤ

*(ਪਾਗਲਾਂ ਵਾਂਗ ਹੱਸਦੀ ਏ)*

ਬੜੀ ਸਾਂਝ ਏ ਤੁਹਾਡੀ, ਹੱਸੋ, ਨੱਚੋ ਗਾਓ
ਚੁੱਪ ਕਿਉਂ ਖੜੇ ਹੋ ?... (ਰੋਂਦੀ ਹੈ)
ਮੈਂ ਰੋ ਰਹੀ ਹਾਂ। ਤੁਸੀਂ ਕਿਉਂ ਨਹੀਂ ਰੋਂਦੇ ?
ਆਖੋ, ਤੁਸੀਂ ਇਸ ਪੰਜਾਂ ਪਾਣੀਆਂ ਦੀ ਪਵਿੱਤਰ ਧਰਤੀ ਦਾ ਨਾਂ ਬਦੂ ਕੀਤਾ ਹੈ। ਇਸ ਪਵਿੱਤਰ ਮਿੱਟੀ ਦਾ ਅਪਮਾਨ ਕੀਤਾ ਹੈ। ਇਸ ਮਿੱਟੀ ਕੋਲੋਂ ਮੁਆਫ਼ੀ ਮੰਗੋ- ਹਾਂ ਮੁਆਫ਼ੀ ਮੰਗੋ... ... ..

*(ਐਕਸ਼ਨ)*

*(ਮਿੱਟੀ ਚੁੱਕਕੇ ਇਕੱਠੇ ਬੋਲਦੇ ਹਨ...)*

- ਅਸੀਂ ਜੋ ਪੰਜ ਪਾਣੀਆਂ ਦੀ ਧਰਤੀ ਦੇ ਵਾਸੀ ਹਾਂ,
-ਅਸੀਂ ਤੋਬਾ ਕਰਦੇ ਹਾਂ ਕਿ ਅਸੀਂ ਕਿਸੇ ਵੀ ਹਾਲ ਵਿਚ ਇਨਸਾਨੀਅਤ ਦਾ ਪਲੜਾ ਨਹੀਂ ਛੱਡਾਂਗੇ।
-ਅਸੀਂ ਅਹਿਦ ਕਰਦੇ ਹਾਂ ਕਿ ਔਰਤ ਦੀ ਇੱਜ਼ਤ ਕਰਨੀ ਆਪਣੀ ਤਹਿਜ਼ੀਬ ਵਿਚ, ਸਭਿਆਚਾਰ ਵਿਚ ਸ਼ਾਮਲ ਕਰਾਂਗੇ-

*(ਵਕਫਾ)*

ਔਰਤ : ਹੁਣ ਚੁੱਪ ਕਿਉਂ ਖੜ੍ਹੇ ਹੋ– ਨੱਚਦੇ ਕਿਉਂ ਨਹੀਂ–
ਨੱਚੋ, ਜਿਸ ਤਰ੍ਹਾਂ ਦਮਾਮੇ ਮਾਰਦਾ ਜੱਟ ਮੇਲੇ ਵਿਚ ਨੱਚਦਾ ਹੈ।

*(ਉਹ ਨੱਚਦੇ ਨੇ ਬਜ਼ੁਰਗ ਔਰਤ ਵੀ ਨਾਲ ਨੱਚਦੀ ਹੈ। ਫੇਡ ਆਊਟ ਹੁੰਦਾ ਹੈ।)*

**ਅਗਲਾ ਸੀਨ**

ਸੂਤਰਧਾਰ 1 : ਸਾਡੀ ਅਗਲੀ ਕਹਾਣੀ ਉਹ ਕਹਾਣੀ ਹੈ, ਜੋ ਹਰ ਰੋਜ਼ ਸਾਡੇ ਘਰਾਂ ਵਿਚ ਆਮ ਵਾਪਰਦੀ ਹੈ।

ਸੂਤਰਧਾਰ 2 : ਇਹ ਘਰ ਇਕ ਪਰੰਪਰਾਵਾਦੀ ਘਰ ਹੋ ਸਕਦਾ ਹੈ।

ਸੂਤਰਧਾਰ 1 : ਇਸ ਘਰ ਵਿਚ ਬਜ਼ੁਰਗ ਦਾਦਾ ਹੈ, ਦਾਦੀ ਹੈ, ਉਹਨਾਂ ਦੇ ਪੁੱਤਰ ਨੇ, ਨੂੰਹਾਂ ਨੇ, ਉਹਨਾਂ ਦੇ ਅਗੋਂ ਪੁੱਤਰ ਨੇ, ਧੀਆਂ ਨੇ। ਸਭ ਇਕੱਠੇ ਰਹਿੰਦੇ ਨੇ, ਸਭ ਅਮਨ ਏ ਸ਼ਾਂਤੀ ਏ।

ਸੂਤਰਧਾਰ 2 : ਪਰ ਔਰਤ ਇਸ ਘਰ ਵਿਚ ਵੀ ਇਕ ਦੋਮ ਦਰਜੇ ਦੀ ਹੈਸੀਅਤ ਰੱਖਦੀ ਹੈ। ਉਤੋਂ ਉਤੋਂ ਭਾਵੇਂ ਸਭ ਠੀਕ ਹੈ। ਸਭ ਆਦਰਸ਼ਕ ਏ, ਪਰ ਤ੍ਰੇੜ ਉਸ ਵੇਲੇ ਦਿਸਦੀ ਹੈ...

ਸੂਤਰਧਾਰ 1 : ਜੇ ਨੂੰਹ ਦਾਜ ਥੋੜਾ ਲਿਆਈ ਹੈ, ਉਸਦੇ ਮੁੰਡਾ ਨਹੀਂ ਹੁੰਦਾ, ਧੀਆਂ ਜੰਮਦੀ ਜਾਂਦੀ ਹੈ, ਉਹਦੀ ਸਿਹਤ ਠੀਕ ਨਹੀਂ ਰਹਿੰਦੀ ਜਾਂ ਫਿਰ ਉਹ ਆਪਣੇ ਸ਼ਰਾਬੀ ਪਤੀ ਦੀ ਸੇਵਾ ਨਹੀਂ ਕਰਦੀ।

ਸੂਤਰਧਾਰ 2 : ਕਈ ਘਰਾਂ ਵਿਚ ਹੋਰ ਵੀ ਬਹੁਤ ਕੁਝ ਹੁੰਦਾ ਹੈ– ਇਹ ਵੀ ਵੇਖਿਆ ਗਿਆ ਹੈ ਕਿ ਨਿੱਕੀਆਂ ਬੱਚੀਆਂ ਜਾਣੇ ਅਨਜਾਣੇ ਆਪਣੇ ਰਿਸ਼ਤੇਦਾਰਾਂ ਦੀ ਹੱਵਸ ਦਾ ਸ਼ਿਕਾਰ ਹੁੰਦੀਆਂ ਹਨ... .. . ਇਹ ਰਿਸ਼ਤੇਦਾਰ ਪੁੱਠੀ ਸੋਚ ਵਾਲੇ ਮਾਮਾ, ਚਾਚਾ ਤੇ ਕਈ ਹਾਲਤਾਂ ਵਿਚ ਬਾਪ ਤੇ ਭਰਾ ਵੀ ਹੋ ਸਕਦਾ ਹੈ। ਜਦੋਂ ਉਹ ਮਾਂ ਅੱਗੇ ਸ਼ਿਕਾਇਤ ਕਰਦੀ ਹੈ ਤਾਂ ਅੱਗੋਂ ਮਾਂ ਕਹਿੰਦੀ ਹੈ, "ਮਰਜਾਣੀਏ, ਚੁੱਪ ਰਹਿ, ਘਰ ਦੀ ਇੱਜ਼ਤ ਦਾ ਵਾਸਤਾ ਈ।"

ਸੂਤਰਧਾਰ 1 : ਸਾਡਾ ਸਮਾਜ ਕਾਫੀ ਹੱਦ ਤੱਕ ਇਕ ਬਿਮਾਰ ਸਮਾਜ ਹੈ। ਭਾਵੇਂ ਦਾਅਵਾ ਅਸੀਂ ਮਹਾਨ ਵਿਰਸੇ ਦੇ ਮਾਲਕ ਹੋਣ ਦਾ ਕਰਦੇ ਹਾਂ।

ਸੂਤਰਧਾਰ 2 : ਕਲੇਸ਼ ਦੀ ਜੜ੍ਹ ਸਾਡੀ ਮਾਨਸਿਕਤਾ ਹੈ। ਜੋ ਔਰਤਾਂ ਦੇ ਹੱਕਾਂ ਪ੍ਰਤੀ, ਉਹਦੀ ਇੱਜ਼ਤ ਪ੍ਰਤੀ ਚੇਤਨ ਨਹੀਂ।

ਸੂਤਰਧਾਰ 1 : (ਇਹਦਾ ਸਬੂਤ ਇਹ ਇਕ ਮੁਕੱਦਮਾ ਹੈ...) ਸ਼ਕਾਇਤਾ ਕਰੁਨਾ ਦੇਵੀ ਸਪੁੱਤਰੀ ਗਿਰਧਾਰੀ ਲਾਲ ਸ਼ੁਕਲਾ ਹੈ। ਮੁਕੱਦਮਾ : ਦਾਜ ਨਾ

ਲਿਆਉਣ ਬਦਲੇ ਤੰਗ ਕਰਨ ਦੀ ਸ਼ਕਾਇਤ ਦਾ ਹੈ।

*(ਕੋਰਟ ਜਾਂ ਥਾਣੇ ਦਾ ਸੀਨ ਉਸਾਰਿਆ ਜਾਂਦਾ ਹੈ। ਇਕ ਪਾਸੇ ਕਰੁਨਾ ਦੇਵੀ ਹੈ ਤੇ ਦੂਜੇ ਪਾਸੇ ਇਕ ਨੌਜਵਾਨ ਤੇ ਦੋ ਔਰਤਾਂ ਹਨ। ਪੁਲਿਸ ਅਫ਼ਸਰ (ਜੱਜ) ਹੈ, ਸ਼ਕਾਇਤ ਲਿਖਣ ਵਾਲਾ ਰੀਡਰ ਹੈ।)*

ਸੂਤਰਧਾਰ 2 : (ਸ਼ਕਾਇਤ ਕਰਤਾ ਕਰੁਨਾ ਦੇਵੀ ਹੈ, ਦੋਸ਼ੀ ਨੰਬਰ 1 :- ਰਾਜਕੁਮਾਰ ਸਪੁੱਤਰ ਸਵਰਗੀ ਬੀ.ਡੀ. ਦੁਬੇ, ਦੋਸ਼ੀ ਨੰਬਰ 2 :- ਸ੍ਰੀਮਤੀ ਨਿਰਮਲਾ ਦੇਵੀ ਸੁਪਤਨੀ ਸਵਰਗੀ ਬੀ.ਡੀ. ਦੂਬੇ, ਦੋਸ਼ੀ ਨੰਬਰ 3 :- ਕੁਸਮ ਲਤਾ ਸੁਪਤਨੀ ਸ੍ਰੀ ਰਾਮ ਗੋਪਾਲ ਤਿਵਾੜੀ, ਸਪੁੱਤਰੀ ਸਵਰਗੀ ਬੀ.ਡੀ. ਦੂਬੇ।)

ਦੋਸ਼ੀ ਨੰਬਰ-1 ਤੇ 2 ਹਾਊਸ ਨੰਬਰ 546 ਫੇਸ 2 ਰਾਮ ਦਰਬਾਰ ਯੂ.ਟੀ. ਚੰਡੀਗੜ੍ਹ ਦੇ ਰਹਿਣ ਵਾਲੇ ਹਨ। ਤੇ ਦੋਸ਼ੀ ਨੰਬਰ-3 ਜ਼ੀਰਕਪੁਰ, ਤਹਿਸੀਲ ਡੇਰਾ ਬੱਸੀ, ਜ਼ਿਲ੍ਹਾ ਪਟਿਆਲਾ ਦੀ ਰਹਿਣ ਵਾਲੀ ਹੈ।

(ਸ਼ਿਕਾਇਤ ਸ਼ੈਕਸ਼ਨ 406, 498-ਏ, 506 ਅਤੇ 120ਬੀ ਆਈ.ਪੀ.ਸੀ.ਦੇ ਅਧੀਨ ਹੈ।ਤੇ ਹੁਣ ਸ਼ਿਕਾਇਤ ਸ਼ਿਕਾਇਤਕਰਤਾ ਦੇ ਮੂੰਹੋਂ ਸੁਣੋ।)

ਕਰੁਨਾ ਦੇਵੀ : ਮੈਂ ਕਰੁਨਾ ਦੇਵੀ ਸਪੁੱਤਰੀ ਗਿਰਧਾਰੀ ਲਾਲ ਸ਼ੁਕਲਾ, ਭਾਰਤ ਦੀ ਇਕ ਇੱਜ਼ਤਦਾਰ ਸ਼ਹਿਰੀ ਹਾਂ। ਹੁਣ ਮੈਂ ਆਪਣੇ ਮਾਂ ਬਾਪ ਕੋਲ ਹਾਊਸ ਨੰਬਰ 2243, ਸੈਕਟਰ 20-ਸੀ ਚੰਡੀਗੜ੍ਹ ਵਿਚ ਰਹਿੰਦੀ ਹਾਂ। ਇਥੇ ਮੈਂ ਦੱਸਣਾ ਜ਼ਰੂਰੀ ਸਮਝਦੀ ਹਾਂ ਕਿ ਮੇਰੇ ਪਿਤਾ ਜੀ ਜਨਮ ਤੋਂ ਹੀ ਅੱਖਾਂ ਦੀ ਨਜ਼ਰ ਤੋਂ ਵਿਹੂਣੇ ਹਨ, ਉਹ ਦੇਖ ਨਹੀਂ ਸਕਦੇ ਪਰ ਉਹ ਸੰਗੀਤ ਦੇ ਸ਼ਾਸ਼ਤਰੀ ਹਨ। ਇਕ ਸਰਕਾਰੀ ਸਕੂਲ ਵਿਚ ਵਿਦਿਆਰਥੀਆਂ ਨੂੰ ਸੰਗੀਤ ਸਿਖਾਉਂਦੇ ਹਨ। ਦੋਸ਼ੀ ਨੰਬਰ-1 ਮੇਰਾ ਪਤੀ ਹੈ, ਦੋਸ਼ੀ ਨੰਬਰ-2 ਮੇਰੀ ਸੱਸ ਹੈ, ਦੋਸ਼ੀ ਨੰਬਰ-3 ਮੇਰੀ ਨਨਾਣ ਹੈ।

ਸੂਤਰਧਾਰ 1 : ਹੁਣ ਇਹ ਨਾ ਕਹਿਣਾ ਕਿ ਦੋਸ਼ੀਆਂ ਵਿਚ ਸੱਸ ਤੇ ਨਨਾਣ ਵੀ ਔਰਤਾਂ ਹਨ। ਗੱਲ ਸਮਾਜ ਦੀ ਮਾਨਸਿਕਤਾ ਦੀ ਹੈ,ਔਰਤ ਤੇ ਮਰਦ ਦੀ ਨਹੀਂ।)

ਕਰੁਨਾ ਦੇਵੀ : ਮੇਰਾ ਵਿਆਹ ਦੋਸ਼ੀ ਨੰਬਰ-1 ਨਾਲ 18/4/2002 ਨੂੰ ਲਕਸ਼ਮੀ ਨਰਾਇਣ ਮੰਦਰ ਸੈਕਟਰ 20-ਸੀ ਵਿਚ ਹਿੰਦੂ ਰੀਤੀਆਂ ਨਾਲ ਰਚਾਇਆ ਗਿਆ। ਵਿਆਹ ਤੋਂ ਬਾਅਦ ਮੈਂ ਆਪਣੇ ਪਤੀ ਨਾਲ

ਹਾਊਸ ਨੰਬਰ 546 ਫੇਸ–2, ਰਾਮ ਦਰਬਾਰ ਵਿਚ ਰਹੀ। ਭਾਵੇਂ ਅਸੀਂ ਮੀਆਂ-ਬੀਵੀ ਦੇ ਤੌਰ 'ਤੇ ਦੋ ਸਾਲ ਇਕੱਠੇ ਰਹੇ ਪਰ ਸਾਡੇ ਔਲਾਦ ਨਹੀਂ ਹੋਈ।

ਸੱਸ : ਇਹ ਕਿਉਂ ਨਹੀਂ ਕਹਿੰਦੀ ਕਿ ਤੂੰ ਔਲਾਦ ਪੈਦਾ ਕਰਨ ਦੇ ਯੋਗ ਹੀ ਨਹੀਂ।

ਨਨਾਣ : ਤੂੰ ਤਾਂ ਬਾਂਝ ਏ।

ਅਫ਼ਸਰ : ਵਿਚ ਨਾ ਬੋਲੋ।

ਪੁੱਤਰ : ਮਾਂ ਚੁੱਪ ਰਹਿ।

ਕਰੁਨਾ ਦੇਵੀ : ਇਥੇ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਮੇਰੀ ਸ਼ਾਦੀ ਪੂਰੀ ਸ਼ਾਨੋ-ਸ਼ੌਕਤ ਨਾਲ ਹੋਈ। ਮੇਰੇ ਪਿਤਾ ਵੱਲੋਂ ਖਰਚ ਕਰਨ ਵਿਚ ਕੋਈ ਸੰਕੋਚ ਨਹੀਂ ਕੀਤਾ ਗਿਆ। ਪਰ ਦੋਸ਼ੀ ਨੰਬਰ–1 ਮੇਰਾ ਪਤੀ, ਦੋਸ਼ੀ ਨੰਬਰ–2 ਮੇਰੀ ਸੱਸ ਤੇ ਦੋਸ਼ੀ ਨੰਬਰ–3 ਮੇਰੀ ਨਨਾਣ ਨੇ ਨੱਕ ਮੂੰਹ ਵੱਟੀ ਰੱਖਿਆ ਤੇ ਖੁਲ੍ਹੇਆਮ ਕਿਹਾ ਕਿ ਉਹਨਾਂ ਦੀ ਤਸੱਲੀ ਨਹੀਂ ਹੋਈ, ਅੰਨ੍ਹੇ ਬਾਪ ਨੇ ਉਹਨਾਂ ਦੀ ਹੈਸੀਅਤ ਨਹੀਂ ਵੇਖੀ...

ਸੂਤਰਧਾਰ 1 : ਹੈਸੀਅਤ ਵੱਲੋਂ ਜਿਸ ਤਰ੍ਹਾਂ ਇਹ ਗਵਰਨਰ ਲੱਗੇ ਹੋਏ ਸਨ।

ਸੂਤਰਧਾਰ 2 : ਮੁੰਡੇ ਵਾਲੇ ਹਮੇਸ਼ਾਂ ਆਪਣੇ ਆਪ ਨੂੰ ਗਵਰਨਰ ਹੀ ਸਮਝਦੇ ਹਨ।

ਕਰੁਨਾ ਦੇਵੀ : ਤੇ ਜਨਾਬ, ਜੋ ਕੁਝ ਮੇਰੇ ਬਾਪ ਨੇ ਦਿੱਤਾ ਉਹਦੀ ਫੋਟੋ ਸਟੇਟ ਕਾਪੀ ਨਾਲ ਦਿੱਤੀ ਗਈ ਹੈ।

*(ਸੂਤਰਧਾਰ 1 ਤੇ 2 ਇਕ ਇਕ ਕਾਪੀ ਫੜ੍ਹ ਲੈਂਦੀਆਂ ਹਨ।)*

ਸੂਤਰਧਾਰ 1 : ਡੱਬਲ ਬੈੱਡ

ਸੱਸ : ਖਰੜ ਦਾ ਬਣਿਆ ਹੋਇਆ

ਨਨਾਣ : ਪੁਰਾਣੇ ਫੈਸ਼ਨ ਦਾ

ਸੂਤਰਧਾਰ 2 : ਡਰੈਸਿੰਗ ਟੇਬਲ

ਸੱਸ : ਘਟੀਆ ਸ਼ੀਸ਼ੇ ਵਾਲਾ।

ਨਨਾਣ : ਜਿਸ ਵਿਚ ਮੂੰਹ ਡਿੰਗਾ ਦਿੱਸਦਾ।

ਕਰੁਨਾ ਦੇਵੀ : ਡਿੰਗੇ ਮੂੰਹ ਵਾਲੀ ਦੀ ਬੂਥੀ ਡਿੰਗੀ ਹੀ ਦਿਸਣੀ ਹੋਈ।

ਸੂਤਰਧਾਰ 1 : ਸੈਟੀ

ਸੱਸ : ਬਕਸੇ ਵਾਲੀ ਨਹੀਂ

ਨਨਾਣ : ਸਿਰਫ਼ ਇਕ ਤਖ਼ਤਪੋਸ਼

ਸੂਤਰਧਾਰ 2 : ਫਰਿੱਜ

ਸੱਸ : ਦੇਸੀ ਕੰਪਨੀ ਦਾ।

ਨਨਾਣ : ਪਾਣੀ ਠੰਡਾ ਕਰਨ ਦੀ ਥਾਂ ਗਰਮ ਕਰਦਾ ਏ।

ਸੂਤਰਧਾਰ 1 : ਟੀ.ਵੀ.

ਸੱਸ : ਰੰਗੀਨ ਨਹੀਂ, ਕਾਲੀਆਂ ਚਿੱਟੀਆਂ ਮੂਰਤਾਂ ਵਾਲਾ।

ਨਨਾਣ : ਹੁਣ ਕੰਮੀ ਕਮੀਣ ਵੀ ਨਹੀਂ ਰੱਖਦੇ।

ਸੂਤਰਧਾਰ 2 : ਵਾਸ਼ਿੰਗ ਮਸ਼ੀਨ

ਸੱਸ : ਜਿਹੜੀ ਕੱਪੜੇ ਧੋਂਦੀ ਨਹੀਂ ਸਗੋਂ ਫਾੜਦੀ ਹੈ।

ਨਨਾਣ : 1980 ਦਾ ਮਾਡਲ

ਕਰੁਨਾਦੇਵੀ : ਇਸ ਲਿਸਟ ਵਿਚ 40 ਆਈਟਮ ਹਨ... ਕੰਬਲ, ਰਜਾਈਆਂ, ਤਲਾਈਆਂ, ਦਰੀਆਂ, ਖੇਸ, ਚਾਦਰਾਂ, ਬੈੱਡ ਕਵਰ, ਸਰਹਾਣੇ, ਸਰਹਾਣਿਆਂ ਦੇ ਕਵਰ, ਸਟੀਲ ਦੇ ਭਾਂਡੇ, ਪਤੀਲੇ, ਪਰਾਤਾਂ, ਪਲਟਾ, ਕੌਲੀਆਂ, ਗਲਾਸ, ਕੜਛੀਆਂ, ਚਮਚੇ... ਘਰ 'ਚ ਵਰਤਣ ਵਾਲੀ ਹਰ ਚੀਜ਼...ਪਰ ਦੋਸ਼ੀ ਨੰਬਰ-1, 2, 3 ਦੀ ਤਸੱਲੀ ਨਹੀਂ ਹੋਈ ਸੀ। ਮੈਨੂੰ ਹਰ ਪਲ ਹਰ ਘੜੀ ਮਿਹਣੇ ਦਿੱਤੇ ਜਾਂਦੇ ਸਨ। ਹੌਲ਼ੀ-ਹੌਲ਼ੀ ਮੰਗ ਵੱਧਗੀ ਗਈ ਤੇ ਦੋਸ਼ੀ ਨੰਬਰ-1 ਮੇਰੇ ਪਤੀ ਨੇ ਜ਼ੋਰ ਪਾਇਆ ਕਿ ਮੈਂ ਆਪਣੇ ਮਾਪਿਆਂ ਤੋਂ ਡੇਢ ਲੱਖ ਰੁਪਿਆ ਲਿਆਵਾਂ ਕਿਉਂਕਿ ਇਹ ਰਕਮ ਉਹ ਬਿਜਨੈਸ 'ਤੇ ਲਗਾਉਣਾ ਚਾਹੁੰਦਾ ਹੈ। ਮੈਂ ਉਸਨੂੰ ਤਰਲਾ ਕੀਤਾ ਕਿ ਮੇਰੇ ਮਾਪਿਆਂ ਦੀ ਇਹ ਹੈਸੀਅਤ ਨਹੀਂ। ਉਹਨੇ ਇਥੋਂ ਤੱਕ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੈਂ ਆਪਣੇ ਪਿਤਾ ਨੂੰ ਕਹਾਂ ਕਿ ਉਹ ਆਪਣਾ ਮਕਾਨ ਵੇਚਕੇ ਇਹ ਰਕਮ ਉਹਨੂੰ ਦੇਣ। ਹੌਲ਼ੀ-ਹੌਲ਼ੀ ਉਹਨੇ ਹੱਥ ਵੀ ਚੁੱਕਣਾ ਸ਼ੁਰੂ ਕਰ ਦਿੱਤਾ। ਵਿਖਾਵਾ ਇਸ ਤਰ੍ਹਾਂ ਕਰਦਾ ਜਿਵੇਂ ਉਹ ਸ਼ਰਾਬ ਦੇ ਨਸ਼ੇ ਵਿਚ ਏ। ਮੇਰੀ ਜ਼ਿੰਦਗੀ ਨਰਕ ਬਣਾ ਦਿੱਤੀ ਗਈ। ਮੈਂ ਨਾ ਜੀਣ ਜੋਗੀ ਰਹੀ ਨਾ ਮਰਨ ਜੋਗੀ।

ਹੁਣ ਮੈਂ ਕਾਨੂੰਨ ਅੱਗੇ ਅਰਜ ਕਰਦੀ ਹਾਂ ਕਿ ਉਹ ਦਖ਼ਲ ਅੰਦਾਜ਼ੀ ਕਰੇ ਤੇ ਮੈਨੂੰ ਇਸ ਨਰਕ ਭਰੀ ਜ਼ਿੰਦਗੀ ਤੋਂ ਛੁਟਕਾਰਾ ਦਿਵਾਏ- ਮੇਰੇ ਮਾਪਿਆਂ ਨੇ ਜੋ ਕੁਝ ਦਾਜ ਦਿੱਤਾ ਹੈ- ਜਿਹਦੀ ਲਿਸਟ ਦੱਸੀ ਗਈ ਹੈ ਉਹ ਵਾਪਸ ਦਿਵਾਇਆ ਜਾਏ ਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ।

*(ਬਿਆਨ ਖ਼ਤਮ ਹੋਣ 'ਤੇ ਪਿਛਲਾ ਦ੍ਰਿਸ਼ ਫਰੀਜ਼ ਹੁੰਦਾ ਹੈ। ਸੂਤਰਧਾਰ-1 ਤੇ 2 ਅੱਗੇ ਆਉਂਦੀਆਂ ਹਨ।)*

ਸੂਤਰਧਾਰ 1 : ਇਹੋ ਜਿਹੀਆਂ ਹਜ਼ਾਰਾਂ ਸ਼ਿਕਾਇਤਾਂ ਰੋਜ਼ ਥਾਣਿਆਂ 'ਚ ਪਹੁੰਚਦੀਆਂ ਹਨ। ਹਜ਼ਾਰਾ ਮੁਕੱਦਮੇ ਕੋਰਟ ਕਚਿਹਰੀਆਂ ਵਿਚ ਚੱਲ ਰਹੇ ਹਨ। ਕਿਧਰੇ ਕਿਧਰੇ ਇਨਸਾਫ਼ ਮਿਲ ਜਾਂਦਾ ਹੈ ਕਿਧਰੇ ਇਹ ਮੁਕੱਦਮੇ ਰੁਲ

ਜਾਂਦੇ ਹਨ। ਬਹੁਤੇ ਤਾਂ ਰੁਲ ਹੀ ਜਾਂਦੇ ਹਨ।

ਸੂਤਰਧਾਰ 2 : ਇਸਦਾ ਦੁੱਖ ਕੌਣ ਭੋਗਦਾ ਹੈ– ਔਰਤ

ਸੂਤਰਧਾਰ 1 : ਤੁਸੀਂ ਪੁੱਛੋਗੇ ਜਦੋਂ ਟੱਬਰ ਟੁੱਟਦਾ ਹੈ ਤਾਂ ਕੀ ਮਰਦ ਦੁੱਖ ਨਹੀਂ ਉਠਾਉਂਦਾ?

ਉਠਾਉਂਦਾ ਹੈ ਪਰ ਬੁਨਿਆਦੀ ਗੱਲ ਟੱਬਰ ਟੁੱਟਣ ਦੇ ਕਾਰਨ ਦੀ ਹੈ। ਇਹ ਔਰਤ ਮਰਦ ਦੇ ਨਾਬਰਾਬਰੀ ਵਾਲੇ ਰਿਸ਼ਤੇ ਦੀ ਦੇਣ ਹੈ। ਸਮਾਜ ਵਿਚ ਮਰਦ ਦੀ ਪ੍ਰਧਾਨਗੀ ਦੀ ਦੇਣ ਹੈ।

ਸੂਤਰਧਾਰ 2 : ਔਰਤ ਜੇਕਰ ਦਾਸੀ ਦੀ ਭੂਮਿਕਾ ਸਵੀਕਾਰ ਕਰ ਲਏ, ਕੋਈ ਹੱਕ ਨਾ ਮੰਗੇ, ਸੀਤਾ ਸਵਿਤਰੀ ਬਣੀ ਰਹੇ, ਹਰ ਜ਼ਿਆਦਤੀ ਚੁੱਪ ਚਪੀਤੇ ਸਹਿੰਦੀ ਰਹੇ ਤਾਂ ਚਲਦਾ ਜਾਏਗਾ, ਬਹੁਤੇ ਘਰ ਚਲਦੇ ਹੀ ਜਾ ਰਹੇ ਹਨ।

ਸੂਤਰਧਾਰ 1 : ਪਰ ਇਹ ਰਿਸ਼ਤਾ ਆਦਰਸ਼ਕ ਨਹੀਂ ਤਰਕਸ਼ੀਲ ਨਹੀਂ।

ਇਕੱਠੇ : ਇਹ ਮਾਨਸਿਕਤਾ ਬਦਲਣ ਦੀ ਲੋੜ ਹੈ, ਇਹੀ ਨਾਟਕ ਦੇ ਇਸ ਹਿੱਸੇ ਦਾ ਸੰਦੇਸ਼ ਹੈ ਤੇ ਅਸੀਂ ਹੁਣ ਅੱਗੇ ਚਲਦੇ ਹਾਂ...

*(ਫੇਡ ਆਊਟ)*

(ਸਟੇਜ ਸੈਟਿੰਗ ਵਿਚ ਇਕ ਪਾਸੇ ਸੋਫਾ ਸੈੱਟ ਰੱਖਿਆ ਜਾਵੇ– ਦੂਜੇ ਪਾਸੇ ਇਕ ਵੱਡੀ ਸਕਰੀਨ ਹੈ, ਜਿਸ ’ਤੇ shadow play ਵਿਖਾਇਆ ਜਾ ਸਕਦਾ ਹੈ। ਇਕ ਨੁੱਕਰ ਵਿਚ ਚਿੱਟੀ ਚਾਦਰ ਥੱਲੇ ਇਕ ਬੰਦੇ ਦਾ ਆਕਾਰ ਦਿੱਸਦਾ ਹੈ। ਪ੍ਰਭਾਵ ਇਕ ਲਾਸ਼ ਦਾ ਹੈ। ਲਾਇਟ ਹੋਣ ’ਤੇ ਸੂਤਰਧਾਰ–1 ਤੇ 2 ਸਟੇਜ ਦੇ ਅਗਲੇ ਹਿੱਸੇ ’ਚ ਆਉਂਦੇ ਹਨ। ਉਹ ਇਕ ਸਪਾਟ ਲਾਈਟ ਦੇ ਘੇਰੇ ਵਿਚ ਹਨ।

ਸੂਤਰਧਾਰ 1 : ਅਸੀਂ ਔਰਤ ਦੇ ਵਿਸ਼ੇ ਦੀ ਗੱਲ ਕਰ ਰਹੇ ਹਾਂ। ਔਰਤ ਦੇ ਸ਼ੋਸ਼ਨ ਦਾ ਇਕ ਵੱਡਾ ਕੇਂਦਰ ਸਾਡੀ ਫ਼ਿਲਮ ਇੰਡਸਟਰੀ ਹੈ।

ਸੂਤਰਧਾਰ 2 : ਕਰੋੜਾਂ ਦੇ ਬੱਜਟ ਨਾਲ ਚਲਦੀ ਇਹ ਇੰਡਸਟਰੀ ਕਲਾ ਦੀ ਥਾਂ ਸਰੀਰਕ ਸ਼ੋਸ਼ਣ ਦਾ ਜ਼ਰੀਆ ਹੈ।

ਸੂਤਰਧਾਰ 1 : ਇਸ ਇੰਡਸਟਰੀ ਨੇ ਯੋਰਪ ਦੇ ਚੰਗੇ ਫ਼ਿਲਮ ਸੈਂਟਰਾਂ ਦਾ ਨਹੀਂ, ਹਾਲੀਵੁੱਡ ਦਾ ਅਸਰ ਕਬੂਲਿਆ ਹੈ।

ਸੂਤਰਧਾਰ 2 : ਪੈਸੇ ਦੀ ਬਹੁਤਾਤ ਕਰਕੇ ਇਹ ਇੰਡਸਟਰੀ ਹੁਣ ਬਦਇਖਲਾਕੀ ਅਤੇ ਬਦਮਾਸ਼ੀ ਦਾ ਮੀਡੀਆ ਬਣ ਗਈ ਹੈ।

ਸੂਤਰਧਾਰ 1 : ਖਪਤ ਕਲਚਰ ਦੇ ਅਸਰ ਥੱਲੇ ਕੰਮ ਕਰਦਾ ਮੀਡੀਆ ਸਨਸਨੀਖੇਜ਼ ਖ਼ਬਰਾਂ ਦੇ ਕੇ ਇਸ ਬਦਮਾਸ਼ੀ ਅਤੇ ਬਦਇਖਲਾਕੀ ਨੂੰ ਉਭਾਰਦਾ

ਹੈ।

ਸੂਤਰਧਾਰ 2 : ਐਕਟਰ ਐਕਟਰਸਾਂ ਜਿਨ੍ਹਾਂ ਵਿਚ ਬਹੁਤਿਆਂ ਜਾਂ ਬਹੁਤੀਆਂ ਨੂੰ ਸ਼ੋਸ਼ਲ ਸਾਇੰਸ ਦੀ ਏ.ਬੀ.ਸੀ. ਨਹੀਂ ਪਤਾ, ਅਖ਼ਬਾਰਾਂ ਵਿਚ ਇੰਟਰਵੀਊ ਦੇਂਦੇ ਜਾਂ ਦਿੰਦੀਆਂ ਹਨ ਤੇ ਨੌਜਵਾਨ ਪੀੜ੍ਹੀ ਗੁੰਮਰਾਹ ਕਰਦੇ/ਕਰਦੀਆਂ ਹਨ।

ਸੂਤਰਧਾਰ 1 : ਬਹੁਤ ਸਾਰੀਆਂ ਕਿਤਾਬਾਂ ਵਿਚ ਇਸ ਇੰਡਸਟਰੀ ਦੀ ਅਸਲੀਅਤ ਬਾਰੇ ਪਤਾ ਲੱਗਦਾ ਹੈ।

ਸੂਤਰਧਾਰ 2 : ਕਿਤਾਬਾਂ ਦੇ ਲੇਖਕ ਇਸ ਬਾਰੇ ਫ਼ਿਕਰਮੰਦ ਹਨ।

ਸੂਤਰਧਾਰ 1 : ਪੰਜਾਬੀ ਵਿਚ ਹੁਣੇ ਹੁਣੇ ਪ੍ਰਕਾਸ਼ਤ ਹੋਇਆ ਜਸਬੀਰ ਭੁੱਲਰ ਦਾ ਨਾਵਲ "ਮਹੂਰਤ" ਇਸ ਇੰਡਸਟਰੀ ਦਾ ਹੌਲਨਾਕ ਚਿਹਰਾ ਨੰਗਾ ਕਰਦਾ ਹੈ।

ਸੂਤਰਧਾਰ 2 : ਉਹਦੇ ਕੁਝ ਅੰਸ਼ ਸਾਡੇ ਨਾਟਕ ਔਰਤ ਬਨਾਮ ਔਰਤ ਬਨਾਮ ਔਰਤ ਦਾ ਫ਼ਿਕਰ ਬਣਦੇ ਹਨ।

ਸੂਤਰਧਾਰ 1 : ਇਹ ਫ਼ਿਕਰ ਜਵਾਨ ਮੁੰਡੇ ਕੁੜੀਆਂ ਦੇ ਭਵਿੱਖ ਦਾ ਫ਼ਿਕਰ ਹੈ।

ਸੂਤਰਧਾਰ 2 : ਮੁੰਡੇ ਸੁਪਨੇ ਦਾਅ 'ਤੇ ਲਗਾਉਂਦੇ ਹਨ।

ਸੂਤਰਧਾਰ 1 : ਕੁੜੀਆਂ ਜਿਸਮ ਦਾਅ 'ਤੇ ਲਗਾਉਂਦੀਆਂ ਹਨ।

ਸੂਤਰਧਾਰ 2 : ਮਾਸਖੋਰੇ ਭੇੜੀਏ ਇਸਦਾ ਫਾਇਦਾ ਉਠਾਉਂਦੇ ਹਨ।

*(ਨਾਵਲ ਮਹੂਰਤ)*

ਸੂਤਰਧਾਰ 1 : ਇਹ ਵਿਅਕਤੀ ਜਿਹੜਾ ਚਾਦਰ ਥੱਲੇ ਲਾਸ਼ ਦੇ ਰੂਪ ਵਿਚ ਪਿਆ ਹੈ ਉਹ ਅੱਜ ਰਾਤ ਮਰਿਆ ਹੈ।

ਸੂਤਰਧਾਰ 2 : ਉਂਝ ਇਹ ਅੱਜ ਤੋਂ ਪਹਿਲਾਂ ਵੀ ਕਈ ਵਾਰ ਮਰਿਆ ਹੈ। ਉਦੋਂ ਇਹ ਜੀਂਦੀ ਲਾਸ਼ ਸੀ, ਪਰ ਹੁਣ ਇਹ ਸੱਚਮੁੱਚ ਹੀ ਲਾਸ਼ ਹੈ। ਇਹ ਚਾਦਰ ਥੱਲਿਉਂ ਉਠੇਗਾ ਤੇ ਆਪਣੀ ਕਹਾਣੀ ਸੁਣਾਵੇਗਾ।

*(ਸੁਹੇਲ ਚਾਦਰ ਹਟਾਕੇ ਉੱਠਦਾ ਹੈ। ਲਾਸ਼ ਦੇ ਵਾਂਗੂੰ ਚਲਦਾ ਇਕ ਸਪਾਟ 'ਚ ਆਉਂਦਾ ਹੈ।)*

ਸੁਹੇਲ : ਮੇਰਾ ਨਾਂ ਸੁਹੇਲ ਹੈ। ਬੜੇ ਸਾਲ ਪਹਿਲਾਂ ਮੈਂ ਪੰਜਾਬ ਤੋਂ ਐਕਟਰ ਬਣਨ ਆਇਆ ਸੀ। ਯੂਨੀਵਰਸਿਟੀ ਦੇ ਡਰਾਮਾ ਡੀਪਾਰਟਮੈਂਟ ਤੋਂ ਡਰਾਮਾ ਦਾ ਕੋਰਸ ਪਾਸ ਕਰਕੇ ਮੈਂ ਕਿਸਮਤ ਅਜਮਾਉਣ ਬੰਬਈ ਆਇਆ। ਮੈਂ ਬੜੀ struggle ਕੀਤੀ ਕਿ ਐਕਟ ਬਣ ਜਾਵਾਂ ਪਰ ਨਹੀਂ ਬਣ ਸਕਿਆ, ਕਿਉਂਕਿ ਬੰਬਈ ਦਾ ਇਕ ਰਿਵਾਜ਼ ਐ ਕਿ ਐਕਟਰਾਂ ਦੇ ਪੁੱਤਰ ਹੀ ਐਕਟਰ ਬਣਦੇ ਨੇ ਉਹ ਹੀ ਹੀਰੋ ਬਣਦੇ ਨੇ। ਮੈਂ ਹੁਣ ਦੀਪਕ ਸੇਨ ਦਾ ਅਸਿਸਟੈਂਟ ਹਾਂ।

*(ਦੀਪਕ ਸੇਨ ਵਿੰਗ ਤੋਂ ਨਿਕਲਕੇ ਸੋਫੇ 'ਤੇ ਆ ਕੇ ਬੈਠਦਾ ਹੈ। ਉਹਦੀ ਸ਼ਖਸੀਅਤ ਫ਼ਿਲਮ ਨਿਰਮਾਤਾ ਵਰਗੀ ਹੈ। ਮੋਟੀ ਸਾਰੀ ਫਾਈਲ ਦੇ ਵਰਕੇ ਫਰੋਲਦਾ ਹੈ।)*

ਸੁਹੇਲ : ਦੀਪਕ ਸੇਨ ਬੜਾ ਵੱਡਾ ਤੇ ਸਫ਼ਲ ਫ਼ਿਲਮ ਨਿਰਮਾਤਾ ਹੈ। ਇਹ ਜਿਹੜੀ ਵੀ ਫ਼ਿਲਮ ਬਣਾਉਂਦਾ ਏ, superhit ਹੁੰਦੀ ਹੈ। ਫ਼ਿਲਮ ਕਲਾ ਦਾ ਇਹ ਉਸਤਾਦ ਹੈ। ਹਰ ਨਵਾਂ ਨੌਜਵਾਨ ਇਸਦਾ assistant ਬਣਨਾ ਚਾਹੁੰਦਾ ਹੈ। ਫ਼ਿਲਮ ਕਲਾ ਦੇ ਗੁਰ ਇਹਦੇ ਕੋਲੋਂ ਸਿੱਖਣੇ ਚਾਹੁੰਦਾ ਹੈ ਪਰ ਇਹਦੀ ਇਕ ਕਮਜ਼ੋਰੀ ਹੈ। ਇਹ ਹਰ ਰਾਤ ਇਕ ਨਵੀਂ ਕੁੜੀ ਨਾਲ ਸੌਣਾ ਚਾਹੁੰਦਾ ਏ। ਉਹਨਾਂ ਵਿਚੋਂ ਕਈ star ਬਣ ਜਾਂਦੀਆਂ ਹਨ। ਚਮਕਣ ਵਾਲਾ ਸਿਤਾਰਾ, ਕਈ ਐਕਸਟਰਾਂ ਜਾਂ ਬਾਰ ਗਰਲਜ਼ ਦੀ ਫ਼ੌਜ ਵਿਚ ਰਲ ਜਾਂਦੀਆਂ ਹਨ ਤੇ ਕਈ ਲਾਲ ਬੱਤੀ ਬਾਜ਼ਾਰ ਦੀ ਰੌਣਕ ਬਣ ਜਾਂਦੀਆਂ ਹਨ। ਇਸਨੂੰ ਕੋਈ ਫ਼ਰਕ ਨਹੀਂ ਪੈਂਦਾ।

ਖੈਰ ਮੈਂ ਆਪਣੀ ਕਹਾਣੀ ਸੁਣਾ ਰਿਹਾ ਹਾਂ। struggle (ਸੰਘਰਸ਼) ਵਿਚ ਮੈਂ ਨਾਕਾਮਯਾਬ ਹੀ ਰਿਹਾ। ਮਜ਼ਬੂਰਨ ਮੈਂ ਸੇਨ ਬਾਬੂ ਦਾ ਇਕ assistant ਬਣਿਆ, ਹੌਲ਼ੀ-ਹੌਲ਼ੀ ਇਹਦਾ ਨੇੜੇ ਦਾ ਭੇਤੀ ਵੀ ਬਣਿਆ। ਸਮੇਂ ਨਾਲ ਮੈਂ ਫ਼ਿਲਮਾਂ ਵਿਚ ਕੰਮ ਕਰਨ ਵਾਲੀ ਇਕ struggle ਕਰਦੀ ਕੁੜੀ ਰੇਵਾ ਨਾਲ ਵਿਆਹ ਕਰਵਾਇਆ। ਰੇਵਾ ਨੂੰ ਵੀ ਲੱਖ ਕੋਸ਼ਿਸ਼ ਕਰਨ 'ਤੇ ਵੀ ਫ਼ਿਲਮਾਂ ਵਿਚ ਕੰਮ ਨਹੀਂ ਮਿਲਿਆ।

ਸਾਡੀ ਇਕ ਬੱਚੀ ਹੋਈ। ਹੁਣ ਉਸ ਬੱਚੀ ਨੂੰ ਸੋਲ੍ਹਵਾਂ ਚੜ੍ਹਿਆ ਹੈ। ਰੇਵਾ ਨੂੰ ਉਸ ਵਿਚੋਂ ਉਹ ਸੁਪਨਾ ਪੂਰਾ ਦਿਸਦਾ ਹੈ, ਜੋ ਉਹਨੇ ਕਿਸੇ ਵੇਲੇ ਆਪ ਲਿਆ ਸੀ।

*(ਸੁਹੇਲ shadow ਵਿਚ ਰੇਵਾ ਨਾਲ ਵਾਰਤਾਲਾਪ ਕਰਦਾ ਦਿਸਦਾ ਹੈ। ਰੇਵਾ ਕੁਝ ਬੋਲ ਰਹੀ ਹੈ।)*

ਰੇਵਾ : ਤੁਸੀਂ ਮੇਰੀ ਗੱਲ ਸੁਣ ਰਹੇ ਹੋ ?

ਸੁਹੇਲ : ਆਖਰ ਤੂੰ ਕਹਿਣਾ ਕੀ ਚਾਹੁੰਦੀ ਏ ?

ਰੇਵਾ : ਤੁਹਾਨੂੰ ਪਤਾ ਏ ਰੇਖਾ ਤੇ ਡਿੰਪਲ ਕਥਾੜੀਆ ਦੀ ਕਿੰਨੀ ਉਮਰ ਸੀ ਜਦੋਂ ਉਹ ਫ਼ਿਲਮਾਂ ਵਿਚ ਹੀਰੋਇਨ ਬਣ ਗਈਆਂ ਸਨ।

ਸੁਹੇਲ : ਬਸ ਇਹੋ ਕੋਈ ਪੰਦਰਾਂ ਸੋਲ੍ਹਾਂ ਸਾਲ, ਕਹਿੰਦੇ ਤੇ ਇਹੋ ਨੇ।

ਰੇਵਾ : ਫੇਰ।

ਸੁਹੇਲ : ਫੇਰ ਕੀ ?

ਰੇਵਾ : ਪੂਰਵਾ ਨੂੰ ਸੋਲ੍ਹਵਾਂ ਚੜ੍ਹ ਗਿਆ ਏ, ਕੀ ਸੇਨ ਬਾਬੂ ਨਾਲ ਉਦੋਂ ਗੱਲ ਕਰੋਗੇ, ਜਦੋਂ ਪੂਰਵਾ ਬੁੱਢੀ ਹੋ ਗਈ।

*(shadow ਖਤਮ ਸੁਹੇਲ ਸਪਾਟ ਵਿਚ)*

ਸੁਹੇਲ : ਮੈਂ ਸਹੀ ਵੇਲੇ ਦੀ ਤਾੜ ਵਿਚ ਸੀ। ਇਕ ਦਿਨ ਦੀਪਕ ਸੇਨ ਕੋਲ ਇਕੱਲਿਆਂ ਹੋਣ ਦਾ ਸਬੱਬ ਬਣਿਆ ਤਾਂ ਮੈਂ ਗੱਲ ਕਹਿਣ ਦਾ ਹੌਂਸਲਾ ਕਰ ਲਿਆ।

*(ਸੁਹੇਲ ਦੀਪਕ ਸੇਨ ਕੋਲ ਜਾਂਦਾ ਹੈ। ਇਹ ਵੀ ਇਕ ਸਪਾਟ ਹੈ।)*

ਸੁਹੇਲ : ਸਰ, ਬੇਬੀ ਸੁੱਖ ਲਾਲ ਹੁਣ ਪੰਦਰਾਂ ਵਰ੍ਹਿਆਂ ਦੀ ਹੋ ਗਈ ਏ।

ਦੀਪਕ : ਬੇਬੀ ? ਕੌਣ ਬੇਬੀ ?

ਸੁਹੇਲ : ਸਰ ਮੇਰੀ ਬੇਟੀ ਪੂਰਵਾ। ਅਸੀਂ ਉਸਨੂੰ ਪਿਆਰ ਨਾਲ ਬੇਬੀ ਕਹਿੰਦੇ ਹਾਂ।

ਦੀਪਕ : ਓ ਅੱਛਾ... ਅੱਛਾ ਕੀ ਕਰ ਰਹੀ ਏ ਉਹ ਅੱਜ ਕੱਲ੍ਹ ?

ਸੁਹੇਲ : ਬਸ ਸਰ, ਹੁਣ ਤਾਂ ਉਸਨੂੰ ਤੁਹਾਡਾ ਅਸ਼ੀਰਵਾਦ ਚਾਹੀਦਾ ਏ। ਰੀਵਾ ਕਹਿੰਦੀ ਏ ਜੇ ਬੇਬੀ ਕੰਮ ਕਰੇਗੀ ਤੇ ਸਿਰਫ ਤੁਹਾਡੀਆਂ ਫ਼ਿਲਮਾਂ ਵਿਚ, ਕਿਸੇ ਹੋਰ ਦੀਆਂ ਫ਼ਿਲਮਾਂ ਵਿਚ ਉਹ ਹਰਗਿਜ਼ ਕੰਮ ਨਹੀਂ ਕਰੇਗੀ।

ਦੀਪਕ : ਰੀਵਾ ?

ਸੁਹੇਲ : ਸਰ, ਮੇਰੀ ਵਾਈਫ਼ ਦਾ ਨਾਂ ਰੀਵਾ ਏ।

ਦੀਪਕ : ਬਈ ਰੀਵਾ ਨੂੰ ਕਹਿ, ਪਹਿਲਾਂ ਆਪਣੀ ਬੇਬੀ ਨੂੰ ਫ਼ਿਲਮਾਂ ਲਈ ਤਿਆਰ ਵੀ ਤਾਂ ਕਰੇ।

ਸੁਹੇਲ : ਮੈਂ ਸਮਝਿਆ ਨਹੀਂ, ਸਰ...

ਦੀਪਕ : ਬਈ ਉਹਨੂੰ ਤੈਰਨਾ ਸਿਖਾਓ, ਘੋੜ ਸਵਾਰੀ ਸਿਖਾਓ, ਉਰਦੂ ਭਾਸ਼ਾ ਦਾ ਸਹੀ ਤਲੱਫਜ਼ ਸਿਖਾਓ। ਉਸ ਤੋਂ ਬਾਅਦ... ਫ਼ਿਕਰ ਕਾਹਦਾ ਹੈ, ਮੈਂ ਜੁ ਹਾਂ।

ਸੁਹੇਲ : ਥੈਂਕ ਯੂ ਸਰ।

*(ਉਹ ਸਪਾਟ ਬੁੱਝਦਾ ਹੈ, ਸੁਹੇਲ ਦੂਜੇ ਸਪਾਟ 'ਚ ਆਉਂਦਾ ਹੈ।)*

ਸੁਹੇਲ : ਤੇ ਇਕ ਦਿਨ ਮੈਂ ਰੀਵਾ ਤੇ ਪੂਰਵਾ ਨਾਲ ਦੀਪਕ ਬਾਬੂ ਦੀ ਮੁਲਾਕਾਤ ਕਰਵਾ ਦਿੱਤੀ। ਦੀਪਕ ਬਾਬੂ ਨੇ ਰੀਵਾ ਅਤੇ ਪੂਰਵਾ ਨਾਲ ਗੱਲਬਾਤ ਕੀਤੀ ਤੇ ਉਸ ਸ਼ਾਮ ਜਦੋਂ ਮੈਂ ਘਰ ਪੁੱਜਿਆ ਤਾਂ ਰੀਵਾ ਬਹੁਤ ਖੁਸ਼ ਸੀ।

*(ਸ਼ੈਡੋ ਸੀਨ)*

ਰੀਵਾ : ਸੇਨ ਬਾਬੂ ਨੇ ਸਾਰੀ ਗੱਲ ਸਾਡੇ ਉੱਤੇ ਸੁੱਟ ਦਿੱਤੀ ਏ।

ਸੁਹੇਲ : ਅੱਛਾ, ਕੀ ਕਿਹਾ ?

ਰੀਵਾ : ਫ਼ਿਲਮਾਂ ਵਿਚ ਲਾਂਚ ਕਰਨ ਤੋਂ ਪਹਿਲਾਂ ਉਹ ਬੇਬੀ ਨਾਲ ਬਹੁਤ ਸਾਰੀਆਂ ਗੱਲਾਂ ਕਰਨਾ ਚਾਹੁੰਦੇ ਨੇ।

ਸੁਹੇਲ : ਕਦੋਂ ?

ਰੀਵਾ : ਅੱਜ ਰਾਤੀਂ, ਉਹ ਕਹਿੰਦੇ ਨੇ ਬੇਬੀ ਖਾਣਾ ਵੀ ਉਥੇ ਹੀ ਖਾ ਲਵੇਗੀ ਤੇ ਉਥੇ ਹੀ ਸੌਂ ਜਾਵੇਗੀ... ..ਉਹਨਾਂ ਦੀ ਸੁਇਟ ਦੇ ਦੋ ਕਮਰੇ ਨੇ।

ਸੁਹੇਲ : ਤੇ ਤੂੰ ਕੀ ਕਿਹਾ ?

ਰੀਵਾ : ਮੈਂ ਕੀ ਕਹਿਣਾ ਸੀ ?

ਸੁਹੇਲ : ਬੇਬੀ ਦੇ ਰਾਤ ਉੱਥੇ ਰਹਿਣ ਦਾ ਮਤਲਬ ਪਤਾ ਏ ਤੈਨੂੰ ?

ਰੀਵਾ : ਮੈਨੂੰ ਤਾਂ ਬਸ ਏਨਾ ਹੀ ਪਤਾ ਏ ਕਿ ਬੇਬੀ ਨੂੰ ਬਰੇਕ ਮਿਲੇਗੀ, ਪਤਾ ਜੇ ਬੇਬੀ ਨੂੰ ਪਹਿਲੀ ਫ਼ਿਲਮ ਲਈ ਕਿੰਨੀ ਪੇਮੈਂਟ ਮਿਲੇਗੀ ?...ਘੱਟੋ ਘੱਟ 9 ਲੱਖ।

ਸੁਹੇਲ : 9 ਲੱਖ ? ਇਹ ਦੀਪਕ ਬਾਬੂ ਨੇ ਆਖਿਆ ਏ ਤੈਨੂੰ ?

ਰੀਵਾ : ਹਾਂ, ਉਹਨਾਂ ਇਹ ਵੀ ਆਖਿਆ ਏ ਕਿ ਚਰਿੱਤਰ ਰੋਲ ਵਿਚ ਮੈਨੂੰ ਵੀ ਕੰਮ ਦੇਣਗੇ, ਮੌਕਾ ਵੇਖ ਕੇ ਤੁਸੀਂ ਵੀ...(ਸੁਹੇਲ ਚੁੱਪ ਹੈ।) ਵੇਖੋ ਜੀ, ਐਵੇਂ ਨਾ ਬੋਂਦਲੇ ਫਿਰੋ। ਮੈਂ ਤਾਂ ਇਕ ਗੱਲ ਜਾਣਦੀ ਹਾਂ ਕਿ ਹੀਰੋਇਨ ਤੇ ਨਿਰਦੇਸ਼ਕ ਦੀ ਆਪਸੀ ਨੇੜਤਾ ਹੋਣੀ ਚਾਹੀਦੀ ਹੈ। ਵੈਸੇ ਵੀ ਕੀ ਵਿਗੜ ਚੱਲਿਆ ਏ ਬੇਬੀ ਦਾ ?

*(ਸ਼ੈਡੋ ਸੀਨ ਖ਼ਤਮ, ਸੰਗੀਤ ਸਮਾਂ ਅੱਗੇ ਵੱਧਣ ਦਾ ਪ੍ਰਭਾਵ ਦਿੰਦਾ ਹੈ।ਸੁਹੇਲ ਨੇ ਹੁਣ drink ਕੀਤੀ ਹੋਈ ਏ, ਬੋਤਲ ਉਹਦੇ ਹੱਥ ਵਿਚ ਹੈ, ਉਹ ਇਕ ਸਪਾਟ ਵਿਚ ਆਉਂਦਾ ਹੈ।)*

ਸੁਹੇਲ : Bloody Bastard, ਰੀਵਾ ਕਹਿੰਦੀ ਸੀ ਹੀਰੋਇਨ ਤੇ ਨਿਰਦੇਸ਼ਕ ਦੀ ਆਪਸੀ ਨੇੜਤਾ ਹੋਣੀ ਚਾਹੀਦੀ ਹੈ, ਮੈਨੂੰ ਸਭ ਪਤਾ ਹੈ ਕਿ ਉਹ ਕਮੀਨਾ ਕਿਹੋ ਜਿਹੀ ਨੇੜਤਾ ਚਾਹੁੰਦਾ ਹੈ... .. ਮੈਂ ਪੂਰਵਾ ਨੂੰ ਆਪ ਛੱਡ ਕੇ ਆਇਆ ਹਾਂ। ਪੂਰਵਾ ਮੇਰੀ ਆਪਣੀ ਧੀ... ਮੈਂ ਕਮੀਨਾ (ਆਪਣੇ ਆਪ ਨੂੰ ਚਪੇੜਾਂ ਮਾਰਦਾ ਹੈ) ਯੂਨੀਵਰਸਿਟੀ ਦਾ ਡਰਾਮਾ graduate ਨਹੀਂ ਨਹੀਂ 20 ਸਾਲ ਪਹਿਲਾ ਦਾ ਡਬਲ graduate ਮੈਂ ਪੂਰਵਾ ਨੂੰ ਆਪ ਛੱਡ ਕੇ ਆਇਆ ਹਾਂ। ਹੋਟਲ ਆਲਮਗੀਰ – ਕਮਰਾ ਨੰਬਰ 103, ਜਿਹੜਾ ਦੀਪਕ ਬਾਬੂ ਦਾ ਰੀਜ਼ਰਵ ਹੈ...ਇਹ ਕੰਮ ਮੇਰੇ ਲਈ ਨਵਾਂ ਨਹੀਂ...ਇਕ ਦਿਨ ਊਸ਼ਾ ਨੂੰ ਛੱਡਿਆ ਸੀ, ਕਾਮਿਨੀ ਨੂੰ ਛੱਡਕੇ ਆਇਆ ਸੀ, ਦੀਪਕ ਬਾਬੂ

ਕਮੀਨਾ, ਮੈਂ ਕਮੀਨਾ, ਰੀਵਾ ਕਮੀਨੀ, ਊਸ਼ਾ ਕਮੀਨਾ, ਕਾਮਿਨੀ ਕਮੀਨੀ... ਸਭ ਕਮੀਨੇ ਨੇ... .. .

*(ਤੇ ਇਹ repeat ਕਰਦਾ ਪਹਿਲੇ wing ਤੋਂ ਬਾਹਰ ਜਾਂਦਾ ਹੈ ਤੇ ਫੇਰ ਚਾਦਰ ਦੇ ਥੱਲੇ ਆ ਕੇ ਲੇਟ ਜਾਂਦਾ ਹੈ।ਸੰਗੀਤ– ਦੋਨੋਂ ਸੂਤਰਧਾਰ ਲਾਈਟ ਦੇ ਇਕ ਸਪਾਟ ਥੱਲੇ ਆਉਂਦੀਆਂ ਹਨ।)*

ਸੂਤਰਧਾਰ 1 : ਇਹ ਜੋ ਚਾਦਰ ਥੱਲੇ ਲੇਟਿਆ ਹੈ ਭਾਰਤ ਦੀ ਸਾਰਿਆਂ ਨਾਲੋਂ ਵੱਡੀ ਇੰਡਸਟਰੀ ਦਾ ਸ਼ਿਕਾਰ ਹੈ।

ਸੂਤਰਧਾਰ 2 : ਖੱਪਤ ਕਲਚਰ ਦਾ ਸ਼ਿਕਾਰ ਹੈ।

ਸੂਤਰਧਾਰ 1 : ਅਖ਼ਬਾਰਾਂ ਵਿਚ ਛਪੀਆਂ ਨੰਗੀਆਂ ਤਸਵੀਰਾਂ ਦਾ ਸ਼ਿਕਾਰ ਹੈ।

ਸੂਤਰਧਾਰ 2 : ਟੀ.ਵੀ. ਚੈਨਲਾਂ ਦਾ ਸ਼ਿਕਾਰ ਹੈ।

*(ਡੰਡਾ, ਚਿਮਟਾ, ਚਾਕੂ, ਘੋਟਣਾ, ਵੇਲ੍ਹਣਾ... ਹੌਲ਼ੀ ਹੌਲ਼ੀ ਵੱਧਦੀਆਂ ਹਨ ਤੇ ਇਕ ਦਮ ਝਪਟ ਪੈਂਦੀਆਂ ਹਨ।ਮਾਰ ਮਾਰਕੇ ਉਸ ਬਲਾਤਕਾਰੀ ਨੂੰ ਖਤਮ ਕਰ ਦਿੰਦੀਆਂ ਹਨ।)*

ਕੁਝ ਤਾਂ ਕਰਨਾ ਹੋਵੇਗਾ– ਜ਼ਿੰਦਗੀ ਦੀ ਸੂਖਮਤਾ ਲਈ ਜ਼ਿੰਦਗੀ ਸੁਹੱਜਤਾ ਲਈ, ਜ਼ਿੰਦਗੀ ਦੀ ਖ਼ੂਬਸੂਰਤੀ ਲਈ–
ਹਾਂ ਜ਼ਿੰਦਗੀ ਖ਼ੂਬਸੂਰਤ ਹੈ ਅਤੇ ਇਸਨੂੰ ਹੋਰ ਖ਼ੂਬਸੂਰਤ ਬਣਾਈਏ...

*(ਸਾਰੀ ਕਾਸਟ ਹੌਲ਼ੀ ਹੌਲ਼ੀ ਆਉਂਦੀ ਹੈ ਤੇ ਇਕ ਮੁਦਰਾ ਵਿਚ ਫਰੀਜ਼ ਹੋ ਜਾਂਦੇ ਹਨ।)*

*(ਸਮਾਪਤ)*